DHCS
CALIFORNIA DEPARTMENT OF
HEALTH CARE SERVICES
Michelle Baass | Director

# **Medi-Cal ਵੱਲੋਂ ਹੁਣ ਤੁਹਾਡੀਆਂ ਸੰਪਤੀਆਂ ਨਹੀਂ ਗਿਣੀਆਂ ਜਾਣਗੀਆਂ!**

ਪਿਆਰੇ Medi-Cal ਬਿਨੈਕਾਰ,

ਜ਼ਰੂਰੀ ਖ਼ਬਰ! **1 ਜਨਵਰੀ 2024** ਤੋਂ ਸ਼ੁਰੂ ਹੋ ਰਹੇ California ਦੇ ਨਵੇਂ ਕਨੂੰਨ ਦੇ ਤਹਿਤ Medi-Cal ਲਈ ਯੋਗ ਹੋਣ ਲਈ ਬੈਂਕ ਖਾਤਿਆਂ, ਕਾਰਾਂ ਅਤੇ ਪੈਸੇ ਵਰਗੀਆਂ ਸੰਪਤੀਆਂ ਨਹੀਂ ਗਿਣੀਆਂ ਜਾਣਗੀਆਂ।

ਆਮਦਨ ਅਤੇ ਜਾਇਦਾਦ ਤੋਂ ਮਿਲਿਆ ਕਿਰਾਇਆ, ਟਰੱਸਟਾਂ ਤੋਂ ਮਿਲੀਆ ਵਿਆਜ, ਅਤੇ ਸਟਾਕਾਂ ਤੋਂ ਲਾਭਅੰਸ਼ ਨੂੰ ਅਜੇ ਵੀ ਗਿਣਿਆ ਜਾਵੇਗਾ। ਇਹ ਕਨੂੰਨ Medicare Savings Programs 'ਤੇ ਵੀ ਲਾਗੂ ਹੁੰਦਾ ਹੈ।

ਜੇ ਤੁਸੀਂ ਅਰਜ਼ੀ ਦਿੱਤੀ ਸੀ ਅਤੇ 2023 ਵਿੱਚ ਤੁਹਾਡੀ ਸੰਪਤੀਆਂ ਦੇ ਕਾਰਨ Medi-Cal ਜਾਂ Medicare Savings Programs ਲਈ ਉਸਨੂੰ ਅਸਵੀਕਾਰ ਕੀਤਾ ਗਿਆ ਸੀ, ਤਾਂ ਤੁਹਾਡੀ ਕਾਉਂਟੀ ਇਹ ਫ਼ੈਸਲਾ ਕਰੇਗੀ ਕਿ ਕੀ ਤੁਸੀਂ ਨਵੇਂ ਕਨੂੰਨ ਦੇ ਤਹਿਤ 2024 ਵਿੱਚ Medi-Cal ਲਈ ਯੋਗ ਹੋ ਜਾਂ ਨਹੀਂ। ਉਹ ਤੁਹਾਨੂੰ ਜਨਵਰੀ ਜਾਂ ਫ਼ਰਵਰੀ ਮਹੀਨੇ ਵਿੱਚ ਆਪਣੇ ਫੈਸਲੇ ਵਾਲਾ ਪੱਤਰ ਭੇਜਣਗੇ।

ਜੇ ਤੁਸੀਂ ਅਰਜ਼ੀ ਦਿੱਤੀ ਸੀ ਅਤੇ 1 ਜੂਨ ਅਤੇ 30 ਨਵੰਬਰ 2023 ਦੇ ਵਿਚਕਾਰ ਸੰਪਤੀਆਂ ਦੇ ਕਾਰਨ Medi-Cal ਜਾਂ Medicare Savings Programs ਲਈ ਉਸਨੂੰ ਅਸਵੀਕਾਰ ਕੀਤਾ ਗਿਆ ਸੀ, ਤਾਂ ਤੁਸੀਂ 1 ਜਨਵਰੀ 2024 ਤੋਂ ਇਨ੍ਹਾਂ ਵਿੱਚੋਂ ਕਿਸੇ ਇੱਕ ਤਰੀਕੇ ਨਾਲ ਮੁੜ-ਅਰਜ਼ੀ ਦੇ ਸਕਦੇ ਹੋ:

- **ਔਨਲਾਈਨ**: BenefitsCal ਦੀ ਵੈੱਬਸਾਈਟ https://benefitscal.com/ 'ਤੇ ਔਨਲਾਈਨ ਅਰਜ਼ੀ ਦਿਓ।
- **ਡਾਕ ਰਾਹੀਂ**: ਅਰਜ਼ੀ ਨੂੰ ਪ੍ਰਿੰਟ ਕਰਕੇ ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ ਡਾਕ ਰਾਹੀਂ ਭੇਜੋ। ਇਸ ਪੱਤਰ ਦੇ ਨਾਲ ਭੇਜੀ ਗਈ ਸੂਚੀ ਵਿੱਚ ਆਪਣੀ ਕਾਉਂਟੀ ਦਾ ਪਤਾ ਅਤੇ ਫ਼ੋਨ ਨੰਬਰ ਲੱਭੋ। ਤੁਸੀਂ ਆਪਣੀ ਕਾਉਂਟੀ ਨੂੰ ਡਾਕ ਰਾਹੀਂ ਕਾਗਜ਼ੀ ਅਰਜ਼ੀ ਭੇਜਣ ਲਈ ਵੀ ਕਹਿ ਸਕਦੇ ਹੋ।
- **ਵਿਅਕਤੀਗਤ ਤੌਰ 'ਤੇ ਜਾਂ ਫ਼ੋਨ ਰਾਹੀਂ**: ਆਪਣੇ ਸਥਾਨਕ ਕਾਉਂਟੀ ਦਫ਼ਤਰ ਵਿਖੇ ਜਾਓ ਜਾਂ ਕਾਲ ਕਰੋ। ਤੁਸੀਂ ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ https://www.dhcs.ca.gov/COL 'ਤੇ ਲੱਭ ਸਕਦੇ ਹੋ।

**ਸਵਾਲ?**

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਆਪਣੇ ਸਥਾਨਕ ਕਾਉਂਟੀ ਦਫ਼ਤਰ ਨੂੰ ਕਾਲ ਕਰੋ। Medi-Cal ਬਾਰੇ ਆਮ ਸਵਾਲਾਂ ਲਈ, Medi-Cal ਦੀ ਮੁਫ਼ਤ ਹੈਲਪਲਾਈਨ ਨੂੰ **1-800-541-5555** 'ਤੇ ਕਾਲ ਕਰੋ।

ਧੰਨਵਾਦ,

Department of Health Care Services
California ਦਾ ਰਾਜ